# ਬਾ-ਅਦਾਲਤ ਸ੍ਰੀ ਰਣਧੀਰ ਸਿੰਘ ਮਾਨ, ਪੀ.ਸੀ.ਐਸ.-1,(ਐਪੀਲੈਟ ਅਥਾਰਟੀ) ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

## ਅਪੀਲ

ਪਰਗਟ ਸਿੰਘ ਮਾਰਫਤ ਫਲੈਟ ਨੰਬਰ 101, ਕ੍ਰਿਸ਼ਨਾ ਅਪਾਰਟਮੈਂਟ, ਲਾਗੇ ਲਾਇਨਸ ਭਵਨ, ਲਾਜਪੱਤ ਨਗਰ, ਜਲੰਧਰ।

...ਅਪੀਲਕਰਤਾ...

ਬਨਾਮ

1. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ।
2. ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ-1.

..... ਰਿਸਪੌਂਡੈਂਟ......

**ਅਪੀਲ ਅੰਡਰ ਸੈਕਸ਼ਨ 19 ਆਫ ਦੀ ਰਾਈਟ ਟੂ ਇਨਫਰਮੇਸ਼ਨ ਐਕਟ, 2005.**

**ਹੁਕਮ:**

ਮਿਸਲ ਸੁਣਵਾਈ ਲਈ ਪੇਸ਼ ਹੋਈ, ਜਿਸ ਅਨੁਸਾਰ ਅਪੀਲਕਰਤਾ ਵਲੋਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਪਾਸੋਂ ਦਰਖ਼ਾਸਤ ਮਿਤੀ : 09.10.2015 ਰਾਹੀਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ, ਪਰੰਤੂ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਮਿੱਥੇ ਸਮੇਂ ਅੰਦਰ ਉਸਨੂੰ ਮੁਕੰਮਲ ਰੂਪ ਵਿੱਚ ਸਪਲਾਈ ਨਾ ਕਰਨ ਕਰਕੇ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਅਪੀਲ ਦੀ ਸੁਣਵਾਈ ਲਈ ਅਪੀਲਕਰਤਾ, ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਅਤੇ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ-1 ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 29.12.2015 ਨੂੰ ਅਪੀਲ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ-1 ਦੇ ਦਫਤਰ ਵਲੋਂ ਹਾਜਰ ਆਈ ਸ੍ਰੀਮਤੀ ਰਾਜ ਰਾਣੀ, ਸੀਨੀਅਰ ਸਹਾਇਕ ਵਲੋਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ-1 ਦੇ ਲਿਖਤੀ ਪੱਤਰ ਮਿਤੀ : 29.12.2015 ਰਾਹੀਂ ਰਿਪੋਰਟ ਕੀਤੀ ਗਈ ਕਿ ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਰਖਾਸਤ ਮਿਤੀ : 09.10.2015 ਰਾਹੀਂ ਮੰਗੀ ਗਈ ਸੂਚਨਾ,

......2.......

ਜੋ ਦੀ ਪੰਜਾਬ ਫਰਨੀਚਰ ਮੇਕਰਜ਼ ਵਰਕਸ਼ਾਪ ਕੋਆਪ੍ਰੇਟਿਵ ਇੰਡਸਟਰੀ ਸੁਸਾਇਟੀ ਲਿਮ:, 24, ਬਸੰਤ ਵਿਹਰ, ਜਲੰਧਰ ਨਾਲ ਸਬੰਧਤ ਸੀ, ਮਿਤੀ : 18.11.2015 ਅਤੇ 29.12.2015 ਨੂੰ ਅਪੀਲਕਰਤਾ ਨੂੰ ਸਪਲਾਈ ਕੀਤੀ ਜਾ ਚੁੱਕੀ ਹੈ।

ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ-1 ਦੇ ਦਫਤਰ ਵਲੋਂ ਮਿਤੀ : 29.12.2015 ਨੂੰ ਹਾਜਰ ਆਈ ਸ੍ਰੀਮਤੀ ਰਾਜ ਰਾਣੀ, ਸੀਨੀਅਰ ਸਹਾਇਕ ਵਲੋਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ-1 ਦੇ ਲਿਖਤੀ ਪੱਤਰ ਮਿਤੀ : 29.12.2015 ਰਾਹੀਂ ਕੀਤੀ ਰਿਪੋਰਟ ਅਨੁਸਾਰ ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦਰਖਾਸਤ ਮਿਤੀ : 09.10.2015 ਰਾਹੀਂ ਮੰਗੀ ਗਈ ਸੂਚਨਾ, ਜੋ ਦੀ ਪੰਜਾਬ ਫਰਨੀਚਰ ਮੇਕਰਜ਼ ਵਰਕਸ਼ਾਪ ਕੋਆਪ੍ਰੇਟਿਵ ਇੰਡਸਟਰੀ ਸੁਸਾਇਟੀ ਲਿਮ:, 24, ਬਸੰਤ ਵਿਹਰ, ਜਲੰਧਰ ਨਾਲ ਸਬੰਧਤ ਸੀ, ਮਿਤੀ : 18.11.2015 ਅਤੇ 29.12.2015 ਨੂੰ ਅਪੀਲਕਰਤਾ ਨੂੰ ਸਪਲਾਈ ਕੀਤੀ ਜਾ ਚੁੱਕੀ ਹੈ। ਇਸ ਲਈ ਅਪੀਲਕਰਤਾ ਵਲੋਂ ਇਸ ਅਦਾਲਤ ਵਿੱਚ ਦਾਇਰ ਕੀਤੀ ਗਈ ਅਪੀਲ ਦਾਖਲ ਦਫਤਰ ਕੀਤੀ ਜਾਂਦੀ ਹੈ।

ਮਿਤੀ : 29.12.2015.

(ਰਣਧੀਰ ਸਿੰਘ ਮਾਨ)
ਸੰਯੁਕਤ ਰਜਿਸਟਰਾਰ,
(ਐਪੀਲਾਂਟ ਅਥਾਰਟੀ),
ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

ਤਸਦੀਕ ਕੀਤਾ

ਮੰਡਲ

ਬਾ-ਅਦਾਲਤ ਸ੍ਰੀ ਰਣਧੀਰ ਸਿੰਘ ਮਾਨ, ਪੀ.ਸੀ.ਐਸ.-1,(ਐਪੀਲੈਟ ਅਥਾਰਟੀ)
ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

---

## ਅਪੀਲ

ਰਮਨਦੀਪ ਸਿੰਘ ਆਹਲੂਵਾਲੀਆ, ਵਾਰਡ ਨੰਬਰ 18, ਗਲੀ ਨੰ : 02, ਕਰਤਾਰ ਨਗਰ, ਲਾਗੇ ਮਾਨ ਮਾਰਕੀਟ, ਅਮਲੋਹ ਰੋਡ, ਖੰਨਾ।

...ਅਪੀਲਕਰਤਾ...

ਬਨਾਮ

ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ।

..... ਰਿਸਪੋਂਡੈਂਟ......

**ਅਪੀਲ ਅੰਡਰ ਸੈਕਸ਼ਨ 19 ਆਫ ਦੀ ਰਾਈਟ ਟੂ ਇਨਫਰਮੇਸ਼ਨ ਐਕਟ, 2005.**

**ਹੁਕਮ:**

ਮਿਸਲ ਸੁਣਵਾਈ ਲਈ ਪੇਸ਼ ਹੋਈ, ਜਿਸ ਅਨੁਸਾਰ ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਪਾਸੋਂ ਦਰਖਾਸਤ ਮਿਤੀ : 17.08.2015 ਰਾਹੀਂ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ ਸੀ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਪਾਸੋਂ ਸੂਚਨਾ ਪ੍ਰਾਪਤ ਹੋਣ ਕਾਰਨ ਅਪੀਲਕਰਤਾ ਵਲੋਂ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਪਾਸ ਪ੍ਰਤੀਬੇਨਤੀ ਮਿਤੀ : 23.09.2015 ਰਾਹੀਂ ਅਪੀਲ ਦਾਇਰ ਕੀਤੀ ਗਈ। ਰਜਿਸਟਰਾਰ, ਸਹਿਕਾਰੀ ਸਭਾਵਾ, ਪੰਜਾਬ, ਚੰਡੀਗੜ੍ਹ ਵਲੋਂ ਜਾਰੀ ਪੱਤਰ ਨੰ : ਆਰ.ਟੀ.ਆਈ./ ਲੁਧਿਆਣਾ/ 12536, ਮਿਤੀ : 21.10.2015 ਰਾਹੀਂ ਇਹ ਅਪੀਲ ਪਹਿਲੀ ਅਪੀਲ ਅਥਾਰਟੀ ਵਜੋਂ ਸੁਣਵਾਈ ਵਾਸਤੇ ਇਸ ਅਦਾਲਤ ਨੂੰ ਪ੍ਰਾਪਤ ਹੋਈ। ਅਪੀਲ ਦੀ ਸੁਣਵਾਈ ਲਈ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 17.12.2015 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਵਲੋਂ ਹਾਜਰ ਆਈ ਸ੍ਰੀਮਤੀ ਸੁਖਵੀਰ ਕੌਰ, ਸੁਪਰਡੈਂਟ ਦਰਜਾ-।। ਨੇ ਲਿਖਤੀ ਬਿਆਨ ਦਿੱਤਾ, ਜਿਸ ਅਨੁਸਾਰ ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਸਰਕਲ ਦੇ ਸਮੂਹ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ ਵਲੋਂ ਉਨ੍ਹਾਂ ਦੇ ਸਰਕਲ ਨਾਲ ਸਬੰਧਤ ਸੂਚਨਾ ਅਪੀਲਕਰਤਾ ਨੂੰ ਸਪਲਾਈ ਕਰ ਦਿੱਤੀ ਗਈ ਹੈ ਅਤੇ ਸੂਚਨਾ ਦੀ ਇੱਕ ਕਾਪੀ ਪੱਤਰ ਨੰ :1024, ਮਿਤੀ : 19.11.2015 ਰਾਹੀਂ ਇਸ ਦਫਤਰ ਨੂੰ ਵੀ ਭੇਜੀ ਜਾ ਚੁੱਕੀ ਹੈ। ਇਸ ਤੋਂ ਇਲਾਵਾ ਸ੍ਰੀਮਤੀ ਸੁਖਵੀਰ ਕੌਰ, ਸੁਪਰਡੈਂਟ-।। ਵਲੋਂ ਆਪਣੇ ਬਿਆਨ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਆਡਿਟ ਅਫਸਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਦਫਤਰ ਨਾਲ ਸਬੰਧਤ ਸੂਚਨਾ ਵੀ ਉਨ੍ਹਾਂ ਵਲੋਂ ਤਿਆਰ ਕੀਤੀ ਜਾ ਚੁੱਕੀ ਹੈ ਅਤੇ

......2.......

ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਪੱਤਰ ਨੰ : 5243, ਮਿਤੀ: 02.092015 ਰਾਹੀਂ ਪ੍ਰਾਰਥੀ ਨੂੰ ਸੂਚਨਾ ਪ੍ਰਾਪਤ ਕਰਨ ਲਈ ਲਿਖ ਦਿੱਤਾ ਗਿਆ ਹੈ, ਪਰੰਤੂ ਪ੍ਰਾਰਥੀ ਵਲੋਂ ਬਣਦੀ ਫੀਸ ਜਮਾਂ ਕਰਵਾ ਕੇ ਅੱਜੇ ਤੱਕ ਆਡਿਟ ਅਫਸਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਦਫਤਰ ਪਾਸੋਂ ਸੂਚਨਾ ਪ੍ਰਾਪਤ ਨਹੀਂ ਕੀਤੀ ਗਈ।

ਇਸ ਅਦਾਲਤ ਵਲੋਂ ਅਪੀਲ ਦੀ ਸੁਣਵਾਈ ਦੀ ਅਗਲੀ ਮਿਤੀ : 01.12.2015 ਨਿਯਤ ਕੀਤੀ ਗਈ ਅਤੇ ਅਪੀਲਕਰਤਾ ਨੂੰ ਲਿਖਿਆ ਗਿਆ ਕਿ ਉਸ ਵਲੋਂ ਸੂਚਨਾ ਲੈਣ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਨੁਕਤਾ ਨੰ : ਏ ਅਤੇ ਬੀ ਸਬੰਧੀ ਸੂਚਨਾ ਉਸਨੂੰ ਸਪਲਾਈ ਕੀਤੀ ਜਾ ਚੁੱਕੀ ਹੈ ਅਤੇ ਨੁਕਤਾ ਨੰ : ਸੀ ਸਬੰਧੀ ਸੂਚਨਾ ਉਹ ਆਡਿਟ ਅਫਸਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਦਫਤਰ ਪਾਸੋਂ ਬਣਦੀ ਫੀਸ ਜਮਾਂ ਕਰਵਾ ਕੇ ਪ੍ਰਾਪਤ ਕਰ ਸਕਦਾ ਹੈ। ਅਪੀਲਕਰਤਾ ਨੂੰ ਇਹ ਵੀ ਲਿਖਿਆ ਗਿਆ ਕਿ ਅਗਰ ਉਸ ਵਲੋਂ ਮੰਗੀ ਗਈ ਸੂਚਨਾ ਉਸਨੂੰ ਮਿੱਲ ਚੁੱਕੀ ਹੈ ਤਾਂ ਅਪੀਲ ਦੀ ਸੁਣਵਾਈ ਦੀ ਅਗਲੀ ਮਿਤੀ : 01.12.2015 ਨੂੰ ਇਸ ਬਾਰੇ ਕੰਨਫਰਮੇਸ਼ਨ ਦੇਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਮਿਤੀ : 01.12.2015 ਨੂੰ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਨਹੀਂ ਆਇਆ ਅਤੇ ਅਪੀਲ ਦੀ ਸੁਣਵਾਈ ਵਾਸਤੇ ਕੰਨਫਰਮੇਸ਼ਨ ਲਈ ਦੁਬਾਰਾ ਮਿਤੀ : 11.12.2015 ਨਿਯਤ ਕੀਤੀ ਗਈ, ਪਰੰਤੂ ਅਪੀਲਕਰਤਾ ਮਿਤੀ : 11.12.2015 ਨੂੰ ਵੀ ਹਾਜਰ ਨਹੀਂ ਆਇਆ। ਉਪ-ਰਜਿਸਟਰਾਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਵਲੋਂ ਪੱਤਰ ਨੰ : ਸੁਪਰਡੈਂਟ/ ਡੀ.ਆਰ.ਐਚ/ 1050, ਮਿਤੀ : 01.12.2015 ਰਾਹੀਂ ਸੂਚਿਤ ਕੀਤਾ ਗਿਆ ਕਿ ਅਪੀਲਕਰਤਾ ਵਲੋਂ ਅੱਜੇ ਤੱਕ ਆਡਿਟ ਅਫਸਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਦਫਤਰ ਵਿਖੇ ਬਣਦੀ ਫੀਸ ਜਮਾਂ ਕਰਵਾ ਕੇ ਸੂਚਨਾ ਪ੍ਰਾਪਤ ਨਹੀਂ ਕੀਤੀ ਗਈ ਹੈ।

ਅਪੀਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸੂਚਨਾ ਲੈਣ ਵਾਸਤੇ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਦਫਤਰ ਪਾਸ ਦਿੱਤੀ ਗਈ ਦਰਖਾਸਤ ਮਿਤੀ : 17.08.2015 ਅਨੁਸਾਰ ਨੁਕਤਾ ਨੰ : 'ਏ' ਅਤੇ 'ਬੀ' ਮੁਤਾਬਕ ਮੰਗੀ ਗਈ ਸੂਚਨਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਵਲੋਂ ਅਪੀਲਕਰਤਾ ਨੂੰ ਸਪਲਾਈ ਕਰਵਾਈ ਜਾ ਚੁੱਕੀ ਹੈ ਅਤੇ ਦਰਖਾਸਤ ਦੇ ਨੁਕਤਾ ਨੰ : 'ਸੀ' ਮੁਤਾਬਕ ਮੰਗੀ ਗਈ ਸੂਚਨਾ, ਜੋ ਕਿ ਆਡਿਟ ਅਫਸਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਦਫਤਰ ਨਾਲ ਸਬੰਧਤ ਹੈ, ਅਪੀਲਕਰਤਾ ਨੂੰ ਸਪਲਾਈ ਕਰਵਾਉਣੀ ਬਾਕੀ ਹੈ। ਇਹ ਅਪੀਲ ਇਨ੍ਹਾਂ ਹੁਕਮਾਂ ਨਾਲ dispose off ਕੀਤੀ ਜਾਂਦੀ ਹੈ ਕਿ

.......3......

ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਅਪੀਲਕਰਤਾ ਵਲੋਂ ਦਿੱਤੀ ਗਈ ਦਰਖਾਸਤ ਮਿਤੀ : 17.08.2015 ਦੇ ਨੁਕਤਾ ਨੰ : 'ਸੀ' ਬਾਰੇ ਸੂਚਨਾ ਆਡਿਟ ਅਫਸਰ, ਸਹਿਕਾਰੀ ਸਭਾਵਾਂ, ਹੁਸ਼ਿਆਰਪੁਰ ਦੇ ਦਫਤਰ ਪਾਸੋਂ ਪ੍ਰਾਪਤ ਕਰਕੇ ਤੁਰੰਤ ਅਪੀਲਕਰਤਾ ਨੂੰ ਡਲਿਵਰ ਕਰਵਾਏ।

ਮਿਤੀ : 11.12.2015.

**ਬਾ-ਅਦਾਲਤ ਸ੍ਰੀ ਰਣਧੀਰ ਸਿੰਘ ਮਾਨ, ਪੀ.ਸੀ.ਐਸ.-1,(ਐਪੀਲੈਟ ਅਥਾਰਟੀ) ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।**

# ਅਪੀਲ

ਗੁਰਨਾਮ ਸਿੰਘ ਜਾਖੂ ਪੁੱਤਰ ਸ੍ਰੀ ਮੋਹਿੰਦਰ ਸਿੰਘ, ਪੱਟੀ ਭਲਾਈ, ਪਿੰਡ ਤੇ ਡਾਕ: ਬਿਲਗਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ।

...ਅਪੀਲਕਰਤਾ...

ਬਨਾਮ

ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਫਿਲੌਰ।

..... ਰਿਸਪੋਂਡੈਂਟ......

**ਅਪੀਲ ਅੰਡਰ ਸੈਕਸ਼ਨ 19 ਆਫ ਦੀ ਰਾਈਟ ਟੂ ਇਨਫਰਮੇਸ਼ਨ ਐਕਟ, 2005.**

<u>ਹਾਜ਼ਰ ਮਿਤੀ : 01.12.2015 :</u>

ਸ੍ਰੀ ਚਰਨ ਦਾਸ, ਸੁਪਰਡੈਂਟ ਦਰਜਾ-।। ਦਫਤਰ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਲੌਰ।

<u>ਹੁਕਮ:</u>

ਮਿਸਲ ਸੁਣਵਾਈ ਲਈ ਪੇਸ਼ ਹੋਈ। ਅਪੀਲਕਰਤਾ ਵਲੋਂ ਇਹ ਅਪੀਲ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਫਿਲੌਰ ਦੇ ਦਫਤਰ ਪਾਸੋਂ ਦਰਖਾਸਤ ਮਿਤੀ : 07.09.2015 ਰਾਹੀਂ ਸਿੱਧੇ ਤੌਰ ਤੇ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਦਾਇਰ ਕੀਤੀ ਗਈ। ਅਪੀਲ ਦੀ ਸੁਣਵਾਈ ਲਈ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤੇ ਗਏ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 03.11.2015 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਆਇਆ। ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਫਿਲੌਰ ਦੇ ਦਫਤਰ ਵਲੋਂ ਕੋਈ ਹਾਜਰ ਨਹੀਂ ਆਇਆ। ਅਪੀਲ ਦੀ ਅਗਲੀ ਸੁਣਵਾਈ ਮਿਤੀ : 10.11.2015 ਨੂੰ ਕਰਨ ਸਬੰਧੀ ਨੋਟਿਸ ਜਾਰੀ ਕੀਤਾ ਗਿਆ। ਅਪੀਲਕਰਤਾ ਵਲੋਂ ਮਿਤੀ : 03.11.2015 ਨੂੰ ਲਿਖਤੀ ਦਰਖਾਸਤ ਰਾਹੀਂ ਬੇਨਤੀ ਕੀਤੀ ਗਈ ਕਿ ਉਸ ਵਲੋਂ ਮੰਗੀ ਗਈ ਸੂਚਨਾ ਉਸਨੂੰ ਅੱਜੇ ਤੱਕ ਪ੍ਰਾਪਤ ਨਹੀਂ ਹੋਈ ਹੈ। ਉਹ ਅਪੀਲ ਦੀ ਸੁਣਵਾਈ ਵਾਸਤੇ ਨਿਯਤ ਕੀਤੀ ਗਈ ਅਗਲੀ ਮਿਤੀ : 10.11.2015 ਨੂੰ ਹਾਜਰ ਨਹੀਂ ਆ ਸਕਦਾ। ਮਿਤੀ : 10.11.2015 ਨੂੰ ਉਸਦੀ

......2.......

(ਅਪੀਲਕਰਤਾ) ਦੀ ਗੈਰ-ਹਾਜ਼ਰੀ ਵਿੱਚ ਅਪੀਲ ਦਾ ਫੈਸਲਾ ਕਰਦੇ ਹੋਏ ਮੈਨੂੰ ਡਾਕ ਰਾਹੀਂ ਜਾਂ ਕਿਸੇ ਹੋਰ ਢੰਗ ਰਾਹੀਂ ਮੰਗੀ ਗਈ ਸੂਚਨਾ ਮੁਹੱਈਆ ਕਰਵਾਈ ਜਾਵੇ। ਮਿਤੀ : 10.11.2015 ਅਤੇ 01.12.2015 ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 01.12.2015 ਕੇਸ ਦੀ ਸੁਣਵਾਈ ਦੌਰਾਨ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਫਿਲੌਰ ਦੇ ਦਫਤਰ ਵਲੋਂ ਹਾਜਰ ਆਏ ਸ੍ਰੀ ਚਰਨ ਦਾਸ, ਸੁਪਰਡੈਂਟ ਦਰਜਾ-।। ਵਲੋਂ ਲਿਖਤੀ ਬਿਆਨ ਦਿੱਤਾ ਗਿਆ ਕਿ ਐਗਰੀਕਲਚਰ ਸਰਵਿਸ ਸਭਾਵਾਂ ਦੇ ਕਰਮਚਾਰੀਆਂ ਦੀ ਡਿਊਟੀ ਸਮੇਂ ਸਬੰਧੀ ਦਫਤਰ ਵਿੱਚ ਕੋਈ ਰੀਕਾਰਡ ਉਪਲਬੱਧ ਨਹੀਂ ਹੈ, ਕਿਉਂਕਿ ਸਹਾਇਕ ਰਜਿਸਟਰਾਰ, ਸਹਿਕਾਰੀ ਸਭਾਵਾਂ, ਫਿਲੌਰ ਦਾ ਦਫਤਰ ਮਿਤੀ : 27.03.2001 ਨੂੰ ਹੋਂਦ ਵਿੱਚ ਆਇਆ ਹੈ। ਦਫਤਰ ਵਲੋਂ ਜਾਰੀ ਪੱਤਰ ਨੰ : 2100, ਮਿਤੀ : 24.09.2015 ਰਾਹੀਂ ਅਪੀਲਕਰਤਾ ਨੂੰ ਲਿੱਖ ਦਿੱਤਾ ਗਿਆ ਸੀ ਕਿ ਦਫਤਰ ਦੇ ਰਿਕਾਰਡ ਵਿੱਚ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸਭਾਵਾਂ ਨਿਯਮ 1997 ਅਨੁਸਾਰ ਖੇਤੀਬਾੜੀ ਸਰਵਿਸ ਸਭਾਵਾਂ ਵਿੱਚ ਸੇਵਾਦਾਰ-ਕਮ-ਚੌਕੀਦਾਰ ਦੀ ਅਸਾਮੀ ਪ੍ਰਵਾਨਤ ਹੈ। ਇਨ੍ਹਾਂ ਸੇਵਾ ਨਿਯਮਾਂ ਦੀਆਂ ਤਸਦੀਕਸ਼ੁਦਾ ਕਾਪੀਆਂ ਤਿਆਰ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਤਸਦੀਕਸ਼ੁਦਾ ਕਾਪੀਆਂ ਦੀ ਬਣਦੀ ਫੀਸ ਜਮਾਂ ਕਰਵਾ ਕਿ ਕਿਸੇ ਵੀ ਕੰਮ ਵਾਲੇ ਦਿਨ ਦਫਤਰ ਆ ਕੇ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ। ਸ੍ਰੀ ਚਰਨ ਦਾਸ, ਸੁਪਰਡੈਂਟ ਵਲੋਂ ਆਪਣੇ ਬਿਆਨ ਵਿੱਚ ਇਹ ਵੀ ਲਿਖਿਆ ਗਿਆ ਹੈ ਕਿ ਇਹੋ ਜਿਹੇ ਵਿਸ਼ੇ ਸਬੰਧੀ ਹੀ ਇੱਕ ਸਿਵਲ ਰਿੱਟ ਪਟੀਸ਼ਨ ਨੰ : 17869 ਆਫ 2015 - ਸ਼ਿਵ ਰਾਜ ਬਨਾਮ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਚੱਲ ਰਹੀ ਹੈ। ਜਿਸਦੀ ਸੁਣਵਾਈ ਦੀ ਅਗਲੀ ਮਿਤੀ : 11.02.2016 ਜਵਾਬਦਾਵੇ ਲਈ ਨਿਸ਼ਚਿਤ ਕੀਤੀ ਗਈ ਹੈ।

ਸਹਿਕਾਰੀ ਖੇਤੀਬਾੜੀ ਸੇਵਾ ਸਭਾਵਾਂ ਵਿੱਚ ਕੰਮ ਕਰਦੇ ਕਰਮਚਾਰੀਆਂ ਦੇ ਡਿਊਟੀ ਸਮੇਂ ਬਾਰੇ ਮੁਤਾਬਕ ਡਿਊਟੀ ਕਿਸ ਸਮੇਂ ਲਈ ਜਾਣੀ ਹੈ, ਇਸ ਬਾਰੇ ਨਿਰਣਾ ਸਬੰਧਤ ਸਭਾ ਦੀ ਪ੍ਰਬੰਧਕ ਕਮੇਟੀ ਨੇ ਹੀ ਕਰਣਾ ਹੁੰਦਾ ਹੈ, ਪਰੰਤੂ ਪ੍ਰਾਰਥੀ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਵਿੱਚ ਕਿਸੇ ਖਾਸ ਸਭਾ ਦਾ ਜ਼ਿਕਰ ਨਹੀਂ ਕੀਤਾ ਗਿਆ ਹੈ। ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਫਿਲੌਰ ਵਲੋਂ ਉਨ੍ਹਾਂ ਦੇ ਪੱਤਰ ਨੰ : 2100, ਮਿਤੀ : 24.09.2015 ਰਾਹੀਂ ਅਪੀਲਕਰਤਾ ਨੂੰ ਲਿਖਿਆ ਗਿਆ ਸੀ ਕਿ ਅਪੀਲਕਰਤਾ ਵਲੋਂ ਸੂਚਨਾ ਲੈਣ ਲਈ ਦਿੱਤੀ ਦਰਖਾਸਤ ਅਨੁਸਾਰ ਦਫਤਰ ਵਿੱਚ ਉਪਲਬੱਧ ਪੰਜਾਬ ਰਾਜ ਸਹਿਕਾਰੀ ਖੇਤੀਬਾੜੀ ਸਭਾਵਾਂ ਨਿਯਮ 1997 ਦੀ ਤਸਦੀਕਸ਼ੁਦਾ ਕਾਪੀ ਤਿਆਰ ਕਰ ਦਿੱਤੀ ਗਈ ਹੈ ਅਤੇ ਇਹ ਸੂਚਨਾ ਅਪੀਲਕਰਤਾ ਵਲੋਂ ਦਫਤਰੀ ਸਮੇਂ ਵਿੱਚ ਕਿਸੇ ਵੀ ਕੰਮ ਵਾਲੇ ਦਿਨ ਬਣਦੀ ਫੀਸ ਜਮਾਂ ਕਰਵਾ

........3.......

ਕੇ ਪ੍ਰਾਪਤ ਕੀਤੀ ਜਾ ਸਕਦੀ ਹੈ, ਪਰੰਤੂ ਅਪੀਲਕਰਤਾ ਵਲੋਂ ਇਹ ਸੂਚਨਾ ਅੱਜ ਤੱਕ ਪ੍ਰਾਪਤ ਨਹੀਂ ਕੀਤੀ ਗਈ। ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਫਿਲੌਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਦਫਤਰ ਪਾਸ ਉਪਲਬੱਧ ਸੂਚਨਾ ਅਪੀਲਕਰਤਾ ਨੂੰ ਤੁਰੰਤ ਡਲਿਵਰ ਕਰਵਾਈ ਜਾਵੇ। ਇੱਥੇ ਇਹ ਵਰਣਨ ਕੀਤਾ ਜਾਂਦਾ ਹੈ ਕਿ ਅਪੀਲਕਰਤਾ ਵਲੋਂ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਫਿਲੌਰ ਪਾਸੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ 07.09.2015 ਵਿੱਚ ਜੋ ਸੂਚਨਾ ਦੀ ਮੰਗ ਆਰ.ਟੀ ਆਈ.ਐਕਟ ਅਧੀਨ ਕੀਤੀ ਗਈ ਹੈ, ਇਸ ਸਬੰਧੀ similar matter ਬਾਰੇ ਸ੍ਰੀ ਸ਼ਿਵਰਾਜ ਸਿੰਘ ਵਲੋਂ ਸਿਵਲ ਰਿੱਟ ਪਟੀਸ਼ਨ ਨੰ : 17869 ਆਫ 2015 ਹਾਈਕੋਰਟ ਵਿਖੇ ਦਾਇਰ ਕੀਤੀ ਗਈ ਹੈ। ਮਾਨਯੋਗ ਅਦਾਲਤ ਵਲੋਂ ਇਸਦੀ ਸੁਣਵਾਈ ਦੀ ਮਿਤੀ : 11.02.2016 ਨਿਰਧਾਰਤ ਕੀਤੀ ਗਈ ਹੈ। ਪ੍ਰਾਰਥੀ ਵਲੋਂ ਮੰਗੀ ਗਈ ਸੂਚਨਾ ਦੇ ਸਬੰਧ ਵਿੱਚ similar matter ਦੀ ਸਿਵਲ ਰਿੱਟ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਖੇ ਸੁਣਵਾਈ ਅਧੀਨ ਹੈ। ਇਸ ਲਈ ਪ੍ਰਾਰਥੀ ਵਲੋਂ ਆਰ.ਟੀ.ਆਈ. ਐਕਟ ਤਹਿਤ ਇਸ ਅਦਾਲਤ ਵਿੱਚ ਦਾਇਰ ਕੀਤੀ ਅਪੀਲ sine-die ਕੀਤੀ ਜਾਂਦੀ ਹੈ।

ਮਿਤੀ : 01.12.2015.

# ਬਾ-ਅਦਾਲਤ ਸ੍ਰੀ ਰਣਧੀਰ ਸਿੰਘ ਮਾਨ, ਪੀ.ਸੀ.ਐਸ.-1,(ਐਪੀਲੈਟ ਅਥਾਰਟੀ) ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

## ਅਪੀਲ

ਪੰਜਾਬ ਸਿੰਘ ਪੁੱਤਰ ਕਰਤਰ ਸਿੰਘ, ਪਿੰਡ ਤੇ ਡਾਕ: ਜੱਸਰਾਊਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਅੰਮ੍ਰਿਤਸਰ।

...ਅਪੀਲਕਰਤਾ...

**ਬਨਾਮ**

1. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ।
2. ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅਜਨਾਲਾ।

..... ਰਿਸਪੋਂਡੈਂਟ......

**ਅਪੀਲ ਅੰਡਰ ਸੈਕਸ਼ਨ 19 ਆਫ ਦੀ ਰਾਈਟ ਟੂ ਇਨਫਰਮੇਸ਼ਨ ਐਕਟ, 2005.**

<u>ਹੁਕਮ:</u>

ਮਿਸਲ ਸੁਣਵਾਈ ਲਈ ਪੇਸ਼ ਹੋਈ, ਜਿਸ ਅਨੁਸਾਰ ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਪਾਸੋਂ ਦਰਖਾਸਤ ਮਿਤੀ : 24.07.2015 ਰਾਹੀਂ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ ਸੀ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਪਾਸੋਂ ਸੂਚਨਾ ਪ੍ਰਾਪਤ ਨਾ ਹੋਣ ਕਾਰਨ ਅਪੀਲਕਰਤਾ ਵਲੋਂ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ ਪਾਸ ਪ੍ਰਤੀਬੇਨਤੀ ਮਿਤੀ : 01.10.2015 ਰਾਹੀਂ ਅਪੀਲ ਦਾਇਰ ਕੀਤੀ ਗਈ। ਰਜਿਸਟਰਾਰ, ਸਹਿਕਾਰੀ ਸਭਾਵਾ, ਪੰਜਾਬ, ਚੰਡੀਗੜ ਵਲੋਂ ਜਾਰੀ ਪੱਤਰ ਨੰ : ਆਰ.ਟੀ.ਆਈ./ ਲੁਧਿਆਣਾ/ 12545, ਮਿਤੀ : 21.10.2015 ਰਾਹੀਂ ਇਹ ਅਪੀਲ ਪਹਿਲੀ ਅਪੀਲ ਅਥਾਰਟੀ ਵਜੋਂ ਸੁਣਵਾਈ ਵਾਸਤੇ ਇਸ ਅਦਾਲਤ ਨੂੰ ਪ੍ਰਾਪਤ ਹੋਈ। ਅਪੀਲ ਦੀ ਸੁਣਵਾਈ ਲਈ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 17.11.2015 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਆਇਆ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅੰਮ੍ਰਿਤਸਰ ਦੇ ਦਫਤਰ ਵਲੋਂ ਸ੍ਰੀ ਕੁਲਦੀਪ ਸਿੰਘ, ਸੁਪਰਡੈਂਟ ਦਰਜਾ-।। ਹਾਜਰ ਆਇਆ। ਸ੍ਰੀ ਕੁਲਦੀਪ ਸਿੰਘ, ਸੁਪਰਡੈਂਟ ਵਲੋਂ ਦੱਸਿਆ ਗਿਆ ਕਿ ਅਪੀਲਕਰਤਾ ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅਜਨਾਲਾ ਨੂੰ ਦਰਖਾਸਤਕਰਤਾ ਨੂੰ ਸੂਚਨਾ ਮੁਹੱਈਆ ਕਰਾਉਣ ਲਈ ਭੇਜੀ ਗਈ ਹੈ। ਅਪੀਲ ਦੀ ਸੁਣਵਾਈ ਵਾਸਤੇ ਅਗਲੀ ਮਿਤੀ : 01.12.2015 ਰੱਖੀ ਗਈ। ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅਜਨਾਲਾ ਅਤੇ ਸਕੱਤਰ, ਦੀ ਜੱਸਰਾਊਰ ਸਹਿਕਾਰੀ ਖੇਤੀਬਾੜੀ ਬਹੁਮੰਤਵੀ

.......2........

ਸਭਾ ਲਿਮ:, ਜੱਸਰਾਊਰ, ਤਹਿ: ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਨੂੰ ਮਿਤੀ : 01.12.2015 ਨੂੰ ਅਪੀਲ ਦੀ ਸੁਣਵਾਈ ਦੌਰਾਨ ਹਾਜਰ ਆ ਕੇ ਆਪਣਾ ਪੱਖ ਪੇਸ਼ ਕਰਨ ਲਈ ਨੋਟਿਸ ਜਾਰੀ ਕੀਤਾ ਗਿਆ।

ਅਪੀਲ ਦੀ ਸੁਣਵਾਈ ਦੌਰਾਨ ਮਿਤੀ : 01.12.2015 ਦੀ ਜੱਸਰਾਊਰ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸਭਾ ਲਿਮ:, ਜੱਸਰਾਊਰ, ਤਹਿ: ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਦਾ ਸਕੱਤਰ ਸ੍ਰੀ ਸੁਰਿੰਦਰ ਸਿੰਘ ਅਤੇ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਅਜਨਾਲ ਦੇ ਦਫਤਰ ਵਲੋਂ ਸ੍ਰੀ ਸੰਤੋਖ ਸਿੰਘ, ਸੀਨੀਅਰ ਸਹਾਇਕ ਹਾਜਰ ਆਇਆ। ਸ੍ਰੀ ਸੁਰਿੰਦਰ ਸਿੰਘ, ਸਕੱਤਰ ਸਭਾ ਵਲੋਂ ਦੀ ਜੱਸਰਾਊਰ ਸਹਿਕਾਰੀ ਖੇਤੀਬਾੜੀ ਬਹੁਮੰਤਵੀ ਸਭਾ ਲਿਮ:, ਜੱਸਰਾਊਰ ਤਹਿ: ਅਜਨਾਲਾ, ਜਿਲ੍ਹਾ ਅੰਮ੍ਰਿਤਸਰ ਵਲੋਂ ਪਾਸ ਕੀਤਾ ਗਿਆ ਨਕਲਮਤਾ ਮਿਤੀ : 18.08.2015 ਪੇਸ਼ ਕੀਤਾ ਗਿਆ ਅਤੇ ਕਿਹਾ ਗਿਆ ਇਹ ਸਭਾ ਦੀ ਪੰਜਾਬ ਰਾਜ ਸਹਿਕਾਰੀ ਐਕਟ 1961 ਦੇ ਅਧੀਨ ਇੱਕ ਰਜਿਸਟਰਡ ਸਭਾ ਹੈ ਅਤੇ ਰਾਈਟ ਟੂ ਇਨਫਰਮੇਸ਼ਨ ਐਕਟ-2005 ਦੇ ਸੈਕਸ਼ਨ 2(ਐਚ) ਦੀ ਵਿਆਖਿਆ ਅਧੀਨ ਜਨਤਕ ਅਦਾਰਾ ਨਹੀਂ ਹੈ, ਇਸ ਲਈ ਦਰਖਾਸਤਕਰਤਾ ਵਲੋਂ ਮੰਗੀ ਗਈ ਸੂਚਨਾ ਆਰ.ਟੀ.ਆਈ.ਐਕਟ-2005 ਅਧੀਨ ਦੇਣ ਸਬੰਧੀ ਵਿਚਾਰਨਯੋਗ ਨਹੀਂ ਹੈ, ਪਰੰਤੂ ਫਿਰ ਵੀ ਸਭਾ ਦਰਖਾਸਤਕਰਤਾ ਵਲੋਂ ਮੰਗੀ ਗਈ ਸੂਚਨਾ ਉਸਨੂੰ ਦੇਣ ਲਈ ਤਿਆਰ ਹੈ। ਮਿਤੀ : 01.12.2015 ਨੂੰ ਅਪੀਲਕਰਤਾ ਹਾਜਰ ਨਹੀਂ ਆਇਆ। ਅਪੀਲਕਰਤਾ ਵਲੋਂ ਸ੍ਰੀ ਰਜਿੰਦਰ ਸਿੰਘ ਹਾਜਰ ਆਇਆ ਅਤੇ ਉਸਨੇ ਦੱਸਿਆ ਗਿਆ ਸ੍ਰੀ ਪੰਜਾਬ ਸਿੰਘ (ਅਪੀਲਕਰਤਾ) ਦੀ ਤਬੀਅਤ ਠੀਕ ਨਾ ਹੋਣ ਕਾਰਨ ਉਹ ਅੱਜ ਹਾਜਰ ਨਹੀਂ ਹੋ ਸਕਿਆ। ਮਿਤੀ : 01.12.2015 ਨੂੰ ਸੁਣਵਾਈ ਦੌਰਾਨ ਮੌਕੇ ਤੇ ਸਕੱਤਰ ਸਭਾ ਪਾਸੋਂ ਸੂਚਨਾ ਪ੍ਰਾਪਤ ਕਰਕੇ ਅਪੀਲਕਰਤਾ ਵਲੋਂ ਹਾਜਰ ਆਏ ਸ੍ਰੀ ਰਜਿੰਦਰ ਸਿੰਘ ਨੂੰ ਮੁਹੱਈਆ ਕਰਵਾਈ ਗਈ, ਪਰੰਤੂ ਇਹ ਸੂਚਨਾ ਦਰਖਾਸਤ ਅਨੁਸਾਰ ਮੁਕੰਮਲ ਹੈ ਜਾਂ ਨਹੀ, ਬਾਰੇ ਸ੍ਰੀ ਰਜਿੰਦਰ ਸਿੰਘ ਵਲੋਂ ਸੰਤੁਸ਼ਟੀ ਨਹੀਂ ਪ੍ਰਗਟਾਈ ਗਈ ਅਤੇ ਉਸ ਵਲੋਂ ਕਿਹਾ ਗਿਆ ਕਿ ਇਸ ਬਾਰੇ ਸ੍ਰੀ ਪੰਜਾਬ ਸਿੰਘ (ਅਪੀਲਕਰਤਾ) ਹੀ ਦੱਸ ਸਕਦਾ ਹੈ। ਸ੍ਰੀ ਰਜਿੰਦਰ ਸਿੰਘ ਰਾਹੀਂ ਸ੍ਰੀ ਪੰਜਾਬ ਸਿੰਘ (ਅਪੀਲਕਰਤਾ) ਨੂੰ ਮੁਹੱਈਆ ਕਰਵਾਈ ਗਈ ਸੂਚਨਾ ਦੀ ਕੰਨਫਰਮੇਸ਼ਨ ਵਾਸਤੇ ਸੁਣਵਾਈ ਦੀ ਅਗਲੀ ਮਿਤੀ : 08.12.2015 ਨਿਯਤ ਕੀਤੀ ਗਈ।

ਮਿਤੀ : 08.12.2015 ਨੂੰ ਅਪੀਲ ਦੀ ਸੁਣਵਾਈ ਦੌਰਾਨ ਅਪੀਲਕਰਤਾ ਹਾਜਰ ਨਹੀਂ ਆਇਆ ਅਤੇ ਨਾ ਹੀ ਉਸ ਵਲੋਂ ਉਸਨੂੰ ਸੂਚਨਾ ਨਾ ਮਿਲਣ ਸਬੰਧੀ ਕੋਈ ਲਿਖਤੀ ਟੈਲੀਫੋਨਿਕ ਮੈਸੇਜ ਇਸ ਦਫਤਰ ਵਿੱਚ ਪ੍ਰਾਪਤ ਹੋਇਆ, ਜਿਸ ਤੋਂ ਸਪਸ਼ਟ ਹੈ ਕਿ ਉਸ ਵਲੋਂ ਮੰਗੀ ਸੂਚਨਾ ਉਸਨੂੰ ਮਿਲ ਚੁੱਕੀ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਅਪੀਲ ਦਾਖਲ ਦਫਤਰ ਕੀਤੀ ਜਾਂਦੀ ਹੈ।

ਮਿਤੀ : 08.12.2015.

# ਬਾ-ਅਦਾਲਤ ਸ੍ਰੀ ਰਣਧੀਰ ਸਿੰਘ ਮਾਨ, ਪੀ.ਸੀ.ਐਸ.-1,(ਐਪੀਲੇਟ ਅਥਾਰਟੀ) ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

## ਅਪੀਲ

ਰਮਨਦੀਪ ਸਿੰਘ ਆਹਲੂਵਾਲੀਆ, ਵਾਰਡ ਨੰਬਰ 18, ਗਲੀ ਨੰ : 02, ਕਰਤਾਰ ਨਗਰ, ਲਾਗੇ ਮਾਨ ਮਾਰਕੀਟ, ਅਮਲੋਹ ਰੋਡ, ਖੰਨਾ।

...ਅਪੀਲਕਰਤਾ...

**ਬਨਾਮ**

ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ।

..... ਰਿਸਪੋਂਡੈਂਟ......

**ਅਪੀਲ ਅੰਡਰ ਸੈਕਸ਼ਨ 19 ਆਫ ਦੀ ਰਾਈਟ ਟੂ ਇਨਫਰਮੇਸ਼ਨ ਐਕਟ, 2005.**

<u>ਹੁਕਮ:</u>

ਮਿਸਲ ਸੁਣਵਾਈ ਲਈ ਪੇਸ਼ ਹੋਈ, ਜਿਸ ਅਨੁਸਾਰ ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਦਰਖਾਸਤ ਮਿਤੀ : 17.08.2015 ਰਾਹੀਂ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ ਸੀ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਸੂਚਨਾ ਪ੍ਰਾਪਤ ਹੋਣ ਕਾਰਨ ਅਪੀਲਕਰਤਾ ਵਲੋਂ ਰਜਿਸਟਰਾਰ, ਸਹਿਕਾਰੀ ਸਭਾਵਾਂ, ਪੰਜਾਬ, ਚੰਡੀਗੜ੍ਹ ਪਾਸ ਪ੍ਰਤੀਬੇਨਤੀ ਮਿਤੀ : 23.09.2015 ਰਾਹੀਂ ਅਪੀਲ ਦਾਇਰ ਕੀਤੀ ਗਈ। ਰਜਿਸਟਰਾਰ, ਸਹਿਕਾਰੀ ਸਭਾਵਾ, ਪੰਜਾਬ, ਚੰਡੀਗੜ੍ਹ ਵਲੋਂ ਜਾਰੀ ਪੱਤਰ ਨੰ : ਆਰ.ਟੀ.ਆਈ./ ਲੁਧਿਆਣਾ/ 12538, ਮਿਤੀ : 21.10.2015 ਰਾਹੀਂ ਇਹ ਅਪੀਲ ਪਹਿਲੀ ਅਪੀਲ ਅਥਾਰਟੀ ਵਜੋਂ ਸੁਣਵਾਈ ਵਾਸਤੇ ਇਸ ਅਦਾਲਤ ਨੂੰ ਪ੍ਰਾਪਤ ਹੋਈ। ਅਪੀਲ ਦੀ ਸੁਣਵਾਈ ਲਈ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਅਪੀਲਕਰਤਾ ਵਲੋਂ ਦਰਖਾਸਤ ਮਿਤੀ : 06.11.2015 ਇਸ ਅਦਾਲਤ ਨੂੰ ਭੇਜੀ ਗਈ, ਜਿਸ ਅਨੁਸਾਰ ਉਹ ਸੁਣਵਾਈ ਦੌਰਾਨ ਹਾਜ਼ਰ ਨਹੀਂ ਹੋਣਾ ਚਾਹੁੰਦਾ ਅਤੇ ਉਸ ਵਲੋਂ ਬੇਨਤੀ ਕੀਤੀ ਗਈ ਕਿ ਉਸ (ਅਪੀਲਕਰਤਾ) ਵਲੋਂ ਸੂਚਨਾ ਲੈਣ ਵਾਸਤੇ ਦਿੱਤੀ ਗਈ ਦਰਖਾਸਤ ਅਨੁਸਾਰ ਸਹੀ ਅਤੇ ਨੁਕਤਾਵਾਰ ਸੂਚਨਾ ਸਪਲਾਈ ਕਰਨ ਲਈ ਪਬਲਿਕ ਇਲਫਰਮੇਸ਼ਨ ਅਫਸਰ ਨੂੰ ਲੋੜੀਂਦੇ ਹੁਕਮ ਜਾਰੀ ਕੀਤੇ ਜਾਣ।

ਇਸੇ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਵਲੋਂ ਉਨ੍ਹਾਂ ਦੇ ਪੱਤਰ ਨੰ : ਸਕ/ ਡੀ.ਆਰ.ਐਸ.ਬੀ.ਐਸ.

ਨਗਰ/ 2059, ਮਿਤੀ : 10.11.2015 ਰਾਹੀਂ ਇਸ ਦਫਤਰ ਨੂੰ ਸੂਚਿਤ ਕੀਤਾ ਗਿਆ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਉਸਨੂੰ ਦਫਤਰ ਦੇ ਪੱਤਰ ਨੰ : ਸਕ/ ਡੀ.ਆਰ.ਐਸ.ਬੀ.ਐਸ ਨਗਰ/ 2045, ਮਿਤੀ : 06.11.2015 ਨਾਲ ਰਜਿਸਟਰਡ ਪਾਰਸਲ ਰਾਹੀਂ ਭੇਜੀ ਜਾ ਚੁੱਕੀ ਹੈ।

ਮਿਤੀ : 01.12.2015 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਵਲੋਂ ਹਾਜਰ ਆਏ ਸ੍ਰੀ ਰਾਮ ਰਾਜ ਪਾਲ ਸਿੰਘ, ਸੀਨੀਅਰ ਸਹਾਇਕ ਨੇ ਲਿਖਤੀ ਬਿਆਨ ਵੀ ਦਿੱਤਾ ਕਿ ਅਪੀਲਕਰਤਾ ਵਲੋਂ ਮੰਗੀ ਗਈ ਸੂਚਨਾ ਉਸਨੂੰ ਦਫਤਰ ਦੇ ਪੱਤਰ ਨੰ : ਸਕ/ ਡੀ.ਆਰ.ਐਸ.ਬੀ.ਐਸ ਨਗਰ/ 2045, ਮਿਤੀ : 06.11.2015 ਨਾਲ ਰਜਿਸਟਰਡ ਪਾਰਸਲ ਰਾਹੀਂ ਭੇਜੀ ਜਾ ਚੁੱਕੀ ਹੈ।

ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਵਲੋਂ ਅਪੀਲਕਰਤਾ ਨੂੰ ਸਪਲਾਈ ਕੀਤੀ ਗਈ ਸੂਚਨਾ ਦੀ ਕੰਨਫਰਮੇਸ਼ਨ ਵਾਸਤੇ ਮਿਤੀ : 11.12.2015 ਨਿਯਤ ਕੀਤੀ ਗਈ।

ਮਿਤੀ : 11.12.2015 ਨੂੰ ਕੇਸ ਦੀ ਸੁਣਵਾਈ ਸਮੇਂ ਅਪੀਲਕਰਤਾ ਜਾਂ ਉਸਦਾ ਕੋਈ ਨੁਮਾਇੰਦਾ ਹਾਜਰ ਨਹੀਂ ਆਇਆ ਅਤੇ ਨਾ ਹੀ ਉਸ ਵਲੋਂ ਕੋਈ ਮੈਸੇਜ਼ ਪ੍ਰਾਪਤ ਹੋਇਆ, ਜਿਸ ਤੋਂ ਸਪਸ਼ਟ ਹੁੰਦਾ ਹੈ ਕਿ ਅਪੀਲਕਰਤਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਸ਼ਹੀਦ ਭਗਤ ਸਿੰਘ ਨਗਰ ਵਲੋਂ ਸਪਲਾਈ ਕਰਵਾਈ ਗਈ ਸੂਚਨਾ ਤੋਂ ਸੰਤੁਸ਼ਟ ਹੈ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਅਪੀਲ ਦਾਖਲ ਦਫਤਰ ਕੀਤੀ ਜਾਂਦੀ ਹੈ।

ਮਿਤੀ : 11.12.2015.

# ਬਾ-ਅਦਾਲਤ ਸ੍ਰੀ ਰਣਧੀਰ ਸਿੰਘ ਮਾਨ, ਪੀ.ਸੀ.ਐਸ.-1,(ਐਪੀਲੈਟ ਅਥਾਰਟੀ) ਸੰਯੁਕਤ ਰਜਿਸਟਰਾਰ, ਸਹਿਕਾਰੀ ਸਭਾਵਾਂ, ਜਲੰਧਰ ਮੰਡਲ, ਜਲੰਧਰ।

## ਅਪੀਲ

ਮਨਦੀਪ ਨੰਦਾ ਪੁੱਤਰ ਸ੍ਰੀ ਲੇਖਰਾਜ ਨੰਦਾ, ਵਾਸੀ ਐਨ.ਡੀ.-103, ਵਿਕਰਮਪੁਰਾ, ਜਲੰਧਰ।

...ਅਪੀਲਕਰਤਾ

ਬਨਾਮ

1. ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ।
2. ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ-।।.

..... ਰਿਸਪੋਂਡੈਂਟ......

**ਅਪੀਲ ਅੰਡਰ ਸੈਕਸ਼ਨ 19 ਆਫ ਦੀ ਰਾਈਟ ਟੂ ਇਨਫਰਮੇਸ਼ਨ ਐਕਟ, 2005.**

ਹੁਕਮ:

ਮਿਸਲ ਸੁਣਵਾਈ ਲਈ ਪੇਸ਼ ਹੋਈ, ਜਿਸ ਅਨੁਸਾਰ ਅਪੀਲਕਰਤਾ ਵਲੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਪਾਸੋਂ ਦੋ ਦਰਖਾਸਤਾਂ ਮਿਤੀ : 30.12.2015 ਰਾਹੀਂ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਅਪੀਲਕਰਤਾ ਵਲੋਂ ਦਿੱਤੀ ਇੱਕ ਦਰਖਾਸਤ ਰਾਹੀਂ ਮੰਗੀ ਗਈ ਸੂਚਨਾ ਅਪੀਲਰਤਾ ਨੂੰ ਸਪਲਾਈ ਕਰ ਦਿੱਤੀ ਗਈ, ਪਰੰਤੂ ਅਪੀਲਕਰਤਾ ਵਲੋਂ ਦਿੱਤੀ ਗਈ ਦਰਖਾਸਤ ਅਨੁਸਾਰ ਮੰਗੀ ਗਈ ਸੂਚਨਾ ਅਪੀਲਕਰਤਾ ਨੂੰ ਮੁਕੰਮਲ ਰੂਪ ਵਿੱਚ ਪ੍ਰਾਪਤ ਨਹੀਂ ਹੋਈ। ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਅਪੀਲਕਰਤਾ ਵਲੋਂ ਦਿੱਤੀ ਗਈ ਦੂਸਰੀ ਦਰਖਾਸਤ ਮਿਤੀ : 30.12.2015 ਅਨੁਸਾਰ ਮੰਗੀ ਗਈ ਸੂਚਨਾ ਉਸਨੂੰ ਨਾ ਮਿਲਣ ਕਾਰਨ ਇਸ ਅਦਾਲਤ ਵਿੱਚ ਅਪੀਲ ਦਾਇਰ ਕੀਤੀ ਗਈ। ਅਪੀਲ ਦੀ ਸੁਣਵਾਈ ਲਈ ਦੋਵਾਂ ਧਿਰਾਂ ਨੂੰ ਨੋਟਿਸ ਜਾਰੀ ਕੀਤਾ ਗਿਆ ਅਤੇ ਵੱਖ-ਵੱਖ ਮਿਤੀਆਂ ਨੂੰ ਅਪੀਲ ਦੀ ਸੁਣਵਾਈ ਕੀਤੀ ਗਈ।

ਮਿਤੀ : 29.12.2015 ਨੂੰ ਅਪੀਲ ਦੀ ਸੁਣਵਾਈ ਦੌਰਾਨ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਹਾਜਰ ਆਈ ਸ੍ਰੀਮਤੀ ਪ੍ਰਵੀਨ ਕੁਮਾਰੀ, ਸੁਪਰਡੈਂਟ ਦਰਜਾ-।। ਦਫਤਰ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ-।। ਨੇ ਲਿਖਤੀ ਬਿਆਨ ਦਿੱਤਾ, ਜਿਸ ਅਨੁਸਾਰ ਅਪੀਲਕਰਤਾ ਵਲੋਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ

......2......

ਸਭਾਵਾਂ, ਜਲੰਧਰ ਦੇ ਦਫਤਰ ਪਾਸੋਂ ਰਾਈਟ ਟੂ ਇਨਫਰਮੇਸ਼ਨ ਐਕਟ-2005 ਤਹਿਤ ਦੀ ਗੁਰੂ ਰਵੀ ਦਾਸ ਬ੍ਰਿਕਲਿਨ ਪ੍ਰੋਡਕਸ਼ਨ-ਕਮ-ਸੇਲ ਕੋਆਪ੍ਰੇਟਿਵ ਇੰਡਸਟਰੀਅਲ ਸਭਾ ਲਿਮ:, ਸੁੱਚੀ ਪਿੰਡ, ਜਿਲਾ ਜਲੰਧਰ ਨਾਲ ਸਬੰਧਤ ਸੂਚਨਾ ਲੈਣ ਲਈ ਅਪਲਾਈ ਕੀਤਾ ਗਿਆ ਸੀ। ਇਹ ਸਭਾ ਸਮਾਪਤੀ ਅਧੀਨ ਹੈ। ਅਪੀਲਕਰਤਾ ਵਲੋਂ ਦਿੱਤੀ ਗਈ ਦਰਖਾਸਤ ਅਨੁਸਾਰ ਜੋ ਸੂਚਨਾ ਦਫਤਰ ਨਾਲ ਸਬੰਧਤ ਸੀ, ਉਹ ਸੂਚਨਾ ਦਫਤਰ ਦੇ ਪੱਤਰ ਨੰ : 1090, ਮਿਤੀ : 26.11.2015 ਰਾਹੀਂ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਦੇ ਦਫਤਰ ਨੂੰ ਭੇਜ ਦਿੱਤੀ ਗਈ ਸੀ। ਅਤੇ ਇਹ ਸੂਚਨਾ ਅਪੀਲਕਰਤਾ ਨੂੰ ਮੁਹੱਈਆ ਕਰਵਾਈ ਜਾ ਚੁੱਕੀ ਹੈ। ਇਸ ਤੋਂ ਇਲਾਵਾ ਅਪੀਲਕਰਤਾ ਵਲੋਂ ਦਿੱਤੀ ਗਈ ਦਰਖਾਸਤ ਅਨੁਸਾਰ ਜੋ ਸਭਾ ਨਾਲ ਸਬੰਧਤ ਸੀ, ਉਹ ਸੂਚਨਾ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ-।। ਦੇ ਪੱਤਰ ਨੰ : 2705, ਮਿਤੀ :09.11.2015 ਰਾਹੀਂ ਸਭਾ ਦੇ ਸਮਾਪਤਕਾਰ/ ਨਰੀਖਕ ਨੂੰ ਸਭਾ ਪਾਸੋਂ ਪ੍ਰਾਪਤ ਕਰਕੇ ਦਫਤਰ ਨੂੰ ਭੇਜਣ ਹਿੱਤ ਲਿਖਿਆ ਗਿਆ ਸੀ। ਸਮਾਪਤਕਾਰ/ ਨਰੀਖਕ ਵਲੋਂ ਪੱਤਰ ਮਿਤੀ : 26.11.2015 ਰਾਹੀਂ ਦਫਤਰ ਨੂੰ ਰਿਪੋਰਟ ਕੀਤੀ ਕਿ ਦੀ ਗੁਰੂ ਰਵੀ ਦਾਸ ਬ੍ਰਿਕਲਿਨ ਪ੍ਰੋਡਕਸ਼ਨ-ਕਮ-ਸੇਲ ਕੋਆਪ੍ਰੇਟਿਵ ਇੰਡਸਟਰੀਅਲ ਸਭਾ ਲਿਮ:, ਸੁੱਚੀ ਪਿੰਡ, ਜ਼ਿਲ੍ਹਾ ਜਲੰਧਰ ਸਮਾਪਤੀ ਅਧੀਨ ਸਭਾ ਹੈ ਅਤੇ ਇਸ ਸਭਾ ਦਾ ਰੀਕਾਰਡ ਨਹੀਂ ਮਿਲ ਰਿਹਾ ਹੈ। ਇਸ ਸਬੰਧੀ ਸ੍ਰੀ ਚੇਤ ਰਾਮ ਖਿਲਾਫ ਐਫ.ਆਈ.ਆਰ.ਨੰ : 23, ਮਿਤੀ : 14.01.2006 ਦਰਜ ਹੋ ਚੁੱਕੀ ਹੈ। ਇਸ ਤੋਂ ਇਲਾਵਾ ਸਮਾਪਤਕਾਰ/ ਨਰੀਖਕ ਵਲੋਂ ਇਹ ਵੀ ਰਿਪੋਰਟ ਕੀਤੀ ਗਈ ਕਿ ਸਹਿਕਾਰੀ ਸਭਾਵਾਂ ਆਰ.ਟੀ.ਆਈ.ਐਕਟ-2005 ਦੇ ਘੇਰੇ ਵਿੱਚ ਨਹੀਂ ਆਉਂਦੀਆਂ ਹਨ। ਇਸ ਸਬੰਧੀ ਸਿਵਲ ਰਿੱਟ ਪਟੀਸ਼ਨ ਨੰ : 410 ਆਫ 2015 (O & M )-ਕਰਮਜੀਤ ਸਿੰਘ ਬਨਾਮ ਸਟੇਟ ਇਨਫਰਮੇਸ਼ਨ ਕਮਿਸ਼ਨ ਪੰਜਾਬ ਅਤੇ ਹੋਰ ਅਤੇ ਸਿਵਲ ਅਪੀਲ ਨੰ : 9017 ਆਫ 2013, ਜਿਸ ਦਾ ਫੈਸਲਾ ਮਿਤੀ: 01.04.2015 ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਕੀਤਾ ਗਿਆ ਹੈ, ਵਿੱਚ ਮਾਨਯੋਗ ਜੱਜ ਸ੍ਰੀ ਅਜੇ ਤਿਵਾੜੀ ਨੇ ਹੁਕਮ ਕੀਤਾ ਹੈ ਕਿ ਸਹਿਕਾਰੀ ਸਭਾਵਾਂ ਪਬਲਿਕ ਅਥਾਰਟੀ ਨਹੀਂ ਹਨ, ਜਿਸ ਅਨੁਸਾਰ ਆਰ.ਟੀ.ਆਈ.ਐਕਟ-2005 ਸੂਚਨਾ ਦੇਣੀ ਨਹੀਂ ਬਣਦੀ। ਇਸ ਬਾਰੇ ਅਪੀਲਕਰਤਾ ਨੂੰ ਜਾਣੂ ਕਰਵਾਇਆ ਜਾ ਚੁੱਕਾ ਹੈ।

ਅਪੀਲਕਰਤਾ ਵਲੋਂ ਦਿੱਤੀ ਗਈ ਦਰਖਾਸਤ ਮਿਤੀ : 30.11.2015 ਅਨੁਸਾਰ ਨੁਕਤਾ ਨੰ : ਡੀ, ਈ ਅਤੇ ਐਫ ਸਬੰਧੀ ਸੂਚਨਾ ਜੋ ਸਹਾਇਕ ਰਜਿਸਟਰਾਰ (ਅਸਿਸਟੈਂਟ ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ-।। ਦੇ ਦਫਤਰ ਵਿੱਚ ਉਪਲਬੱਧ ਸੀ, ਉਹ ਸੂਚਨਾ ਉਪ-ਰਜਿਸਟਰਾਰ (ਪਬਲਿਕ ਇਨਫਰਮੇਸ਼ਨ ਅਫਸਰ), ਸਹਿਕਾਰੀ ਸਭਾਵਾਂ, ਜਲੰਧਰ ਵਲੋਂ ਅਪੀਲਕਰਤਾ ਨੂੰ ਮੁਹੱਈਆ ਕਰਵਾਈ ਜਾ ਚੁੱਕੀ ਹੈ। ਅਪੀਲਕਰਤਾ ਦੀ ਦਰਖਾਸਤ ਦੇ ਨੁਕਤਾ ਨੰ : ਬੀ ਅਨੁਸਾਰ ਦੀ ਗੁਰੂ ਰਵੀਦਾਸ ਬ੍ਰਿਕਲਿਨ ਪ੍ਰੋਡਕਸ਼ਨ-ਕਮ-ਸੇਲ ਕੋਆਪ੍ਰੇਟਿਵ ਇੰਡਸਟਰੀਅਲ ਸਭਾ

......3.......

ਲਿਮ:, ਸੁੱਚੀ ਪਿੰਡ, ਜ਼ਿਲ੍ਹਾ ਜਲੰਧਰ ਨਾਲ ਸਬੰਧਤ ਸੂਚਨਾ ਮੰਗੀ ਗਈ ਹੈ। ਇਹ ਸਭਾ ਸਮਾਪਤੀ ਅਧੀਨ ਹੈ ਅਤੇ ਇਸਦਾ ਰੀਕਾਰਡ ਨਹੀਂ ਮਿੱਲ ਰਿਹਾ ਹੈ। ਇਸ ਸਬੰਧੀ ਸ੍ਰੀ ਚੇਤ ਰਾਮ ਖਿਲਾਫ ਐਫ.ਆਈ.ਆਰ.ਨੰ : 23, ਮਿਤੀ : 14.01.2006 ਦਰਜ ਹੋ ਚੁੱਕੀ ਹੈ। ਇਸ ਤੋਂ ਇਲਾਵਾ ਇੱਥੇ ਇਹ ਵੀ ਵਰਣਨਯੋਗ ਹੈ ਕਿ ਸਹਿਕਾਰੀ ਸਭਾਵਾਂ ਆਰ.ਟੀ.ਆਈ. ਐਕਟ-2005 ਦੇ ਘੇਰੇ ਵਿੱਚ ਨਹੀਂ ਆਉਂਦੀਆਂ ਹਨ। ਇਸ ਸਬੰਧੀ ਸਿਵਲ ਰਿੱਟ ਪਟੀਸ਼ਨ ਨੰ : 410 ਆਫ 2015 (O & M) -ਕਰਮਜੀਤ ਸਿੰਘ ਬਨਾਮ ਸਟੇਟ ਇਨਫਰਮੇਸ਼ਨ ਕਮਿਸ਼ਨ ਪੰਜਾਬ ਅਤੇ ਹੋਰ ਅਤੇ ਸਿਵਲ ਅਪੀਲ ਨੰ : 9017 ਆਫ 2013, ਜਿਸ ਦਾ ਫੈਸਲਾ ਮਿਤੀ: 01.04.2015 ਨੂੰ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਲੋਂ ਕੀਤਾ ਗਿਆ ਹੈ, ਵਿੱਚ ਮਾਨਯੋਗ ਜੱਜ ਸ੍ਰੀ ਅਜੇ ਤਿਵਾੜੀ ਨੇ ਹੁਕਮ ਕੀਤਾ ਹੈ ਕਿ ਸਹਿਕਾਰੀ ਸਭਾਵਾਂ ਪਬਲਿਕ ਅਥਾਰਟੀ ਨਹੀਂ ਹਨ। ਉੱਕਤ ਨੂੰ ਮੁੱਖ ਰੱਖਦੇ ਹੋਏ ਅਪੀਲਕਰਤਾ ਦੀ ਦਰਖਾਸਤ ਦੇ ਨੁਕਤਾ ਨੰ : ਏ, ਬੀ, ਸੀ, ਜੀ ਅਤੇ ਐਚ ਮੁਤਾਬਕ ਮੰਗੀ ਗਈ ਸੂਚਨਾ, ਜੋ ਸਭਾ ਨਾਲ ਸਬੰਧਤ ਹੈ, ਅਪੀਲਕਰਤਾ ਨੂੰ ਸਪਲਾਈ ਨਹੀਂ ਕੀਤੀ ਜਾ ਸਕਦੀ।

ਉਪਰੋਕਤ ਨੂੰ ਮੁੱਖ ਰੱਖਦੇ ਹੋਏ ਅਪੀਲ ਦਾਖਲ ਦਫਤਰ ਕੀਤੀ ਜਾਂਦੀ ਹੈ।

ਮਿਤੀ : 29.12.2015.